ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ
ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ
ਪੰਜਵੀਂ ਮੰਜ਼ਿਲ, ਬਲਾਕ ਈ, ਵਿੱਦਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8 ਮੋਹਾਲੀ (ਪੰਜਾਬ)
ਫੋਨ ਨੰ.0172-5212367 ਈਮੇਲ- meritorious.punjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)
ਪੰਜਾਬ।

**ਮੀਮੋ ਨੰ:- ਐਮ.ਐਸ/.ਐਡਮਿੰਨ/38477/341(ਬੀ)/2025/** 221141-221167

**ਮਿਤੀ:-** 01**.08.2025**

**ਵਿਸ਼ਾ:- ਮੈਰੀਟੋਰੀਅਸ ਸਕੂਲਾਂ ਵਿੱਚ ਅਕਾਦਮਿਕ ਸੈਸ਼ਨ 2025-26 ਲਈ ਗਿਆਰ੍ਹਵੀਂ ਜਮਾਤ ਦੇ ਦਾਖਲੇ ਹਿੱਤ ਚੌਥੀ ਕਾਊਂਸਲਿੰਗ ਕਰਵਾਉਣ ਸਬੰਧੀ।**

**ਹਵਾਲਾ:- ਮੈਰੀਟੋਰੀਅਸ ਸੁਸਾਇਟੀ ਦਾ ਪੱਤਰ ਨੰ. ਮੀਮੋ ਨੰ. ਐਮ.ਐਸ/ਐਡਮਿੰਨ/38477/ 341(ਬੀ) /2025/155600-155625 ਮਿਤੀ-: 04/06/2025, ਐਮ.ਐਸ/ਐਡਮਿੰਨ/38477/ 341(ਬੀ) /2025/178399-178434 ਮਿਤੀ-: 26/06/2025 ਅਤੇ ਮੀਮੋ ਨੰ:- ਐਮ.ਐਸ/.ਐਡਮਿੰਨ/38477/341 (ਬੀ)/ 2025/189266 ਮਿਤੀ:07.07.2025**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਇਹ ਲਿਖਿਆ ਜਾਂਦਾ ਹੈ ਕਿ ਮੈਰੀਟੋਰੀਅਸ ਸਕੂਲਾਂ ਵਿੱਚ ਪਹਿਲੀਆਂ ਤਿੰਨ ਕਾਉਂਸਲਿੰਗਾਂ ਉਪਰੰਤ ਖਾਲੀ ਰਹਿ ਗਈਆਂ ਸੀਟਾਂ ਨੂੰ ਓਪਨ ਕੈਟਾਗਰੀ ਵਿੱਚੋਂ ਭਰਨ ਲਈ ਚੌਥੀ ਅਤੇ ਅੰਤਿਮ ਕਾਉਂਸਲਿੰਗ ਮਿਤੀ:04/08/2025 ਨਾਲ ਨੱਥੀ ਲਿਸਟ ਵਿੱਚ ਦਰਸਾਏ ਗਏ ਸਕੂਲ/ ਸੰਸਥਾ ਵਿੱਚ ਕਰਵਾਈ ਜਾਵੇਗੀ। ਉਮੀਦਵਾਰਾਂ ਲਈ ਮੈਰਿਟ ਲਿਸਟ (gender wise) ਅਤੇ ਦਾਖਲੇ ਫਾਰਮ ਅਲੱਗ ਤੋਂ ਭੇਜ ਦਿੱਤਾ ਜਾਵੇਗਾ । ਚੌਥੀ ਅਤੇ ਅੰਤਿਮ ਕਾਉਂਸਲਿੰਗ ਹਾਈਬਰੀਡ ਮੋਡ ਰਾਹੀਂ ਹੋਵੇਗੀ ਜਿਸ ਵਿੱਚ ਵਿਦਿਆਰਥੀ ਆਨਲਾਈਨ ਫਾਰਮ ਕਾਉਸਿਲੰਗ ਸੈਂਟਰ ਵਿੱਚ ਪੁੱਜ ਕੇ ਭਰਨਗੇ। ਆਪ ਵੱਲੋਂ ਗਠਿੱਤ ਕੀਤੀ ਕਾਉਂਸਲਿੰਗ ਟੀਮ ਸੈਂਟਰ ਵਿੱਚ ਵਿਦਿਆਰਥੀਆਂ ਦੀ ਆਨਲਾਈਨ ਫਾਰਮ ਭਰਨ ਵਿੱਚ ਮਦਦ ਕਰੇਗੀ।

2.0 ਕਾਂਉਂਸਲਿੰਗ ਵਿੱਚ ਹਾਜਰ ਵਿਦਿਆਰਥੀਆਂ ਵੱਲੋਂ ਆਨਲਾਈਨ ਫਾਰਮ ਭਰਿਆ ਡਾਟਾ ਮੁੱਖ ਦਫਤਰ ਵੱਲੋਂ ਸੈਂਟਰ ਟੀਮ ਨੂੰ ਮੁੜ ਤੋਂ ਚੈੱਕ ਕਰਨ ਲਈ ਭੇਜਿਆ ਜਾਵੇਗਾ ਅਤੇ ਸੈਂਟਰ ਵਿੱਚ ਮੌਜੂਦ ਟੀਮ ਉਸ ਡਾਟੇ ਨੂੰ ਚੈਕ ਕਰਕੇ ਮੁੜ ਤੋਂ ਈ-ਮੇਲ ਰਾਹੀਂ ਮੁੱਖ ਦਫਤਰ ਨੂੰ ਭੇਜੇਗੀ।

3.0 ਸੈਂਟਰ ਟੀਮ ਸ਼ਾਮ ਪੰਜ ਵਜੇ ਤੱਕ ਸੈਂਟਰ ਵਿੱਚ ਹਾਜ਼ਰ ਰਹੇਗੀ।

4.0 ਉਕਤ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਚੌਥੀ ਕਾਊਂਸਲਿੰਗ ਲਈ ਢੁਕਵੇਂ ਯੋਗ ਪ੍ਰਬੰਧ ਕਰਨ ਯਕੀਨੀ ਬਣਾਏ ਜਾਣ।

**ਪ੍ਰੋਜੈਕਟ ਡਾਇਰੈਕਟਰ**
**ਮੈਰੀਟੋਰੀਅਸ ਸੁਸਾਇਟੀ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-:**

1. ਡਿਪਟੀ ਐੱਸ.ਪੀ.ਡੀ.,ਐਮ.ਆਈ.ਐਸ. ਸ਼ਾਖਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਰਾਬਤਾ ਕਾਇਮ ਕਰਦੇ ਜ਼ਿਲ੍ਹੇ ਵਿੱਚ ਕਾਊਂਸਲਿੰਗ ਦਾ ਢੁਕਵਾ ਪ੍ਰਬੰਧ ਕਰਵਾਉਣ।

2. ਸਮੂਹ ਪ੍ਰਿੰਸੀਪਲ, ਮੈਰੀਟੋਰੀਅਸ ਸਕੂਲ ਨੂੰ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਤਾਲਮੇਲ ਕਰਕੇ ਲੋੜੀਦੇ ਪ੍ਰਬੰਧ ਕਰਨ ਹਿੱਤ।

3. ਕੰਪਿਊਟਰ ਫੈਕਲਟੀ ਮੈਰੀਟੋਰੀਅਸ ਸਕੂਲਾਂ ਨੂੰ ਸੂਚਨਾ ਅਤੇ ਉਮੀਦਵਾਰਾਂ ਦੀ ਕਾਊਂਸਲਿੰਗ ਵਿੱਚ ਸਹਾਇਤਾ ਕਰਨ ਹਿੱਤ।

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸੁਸਾਇਟੀ